# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 23 ਅਗਸਤ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਫ਼ੀਸਾਂ ਦੇ ਵਾਧੇ ਖਿਲਾਫ ਪੀ.ਐੱਸ.ਯੂ. ਵੱਲੋਂ ਜਬਰਦਸਤ ਰੋਸ ਪ੍ਰਦਰਸ਼ਨ

### ਕੇਂਦਰ ਅਤੇ ਸੂਬਾ ਸਰਕਾਰਾਂ ਲਗਾਤਾਰ ਸਿੱਖਿਆ ਨੂੰ ਨਿੱਜੀਕਰਨ ਵੱਲ ਧੱਕ ਰਹੀਆਂ ਹਨ : ਹਰਵੀਰ ਕੌਰ

### ਕਾਲਜ ਦੇ ਪ੍ਰਿੰਸੀਪਲ ਰਾਹੀਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਭੇਜਿਆ ਮੰਗ ਪੱਤਰ

### ਫੀਸਾਂ ਵਿੱਚ ਕੀਤੇ ਗਏ ਵਾਧੇ ਦੇ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਕਰਾਂਗੇ ਸੰਘਰਸ਼ : ਜਲੰਧਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ 23 ਅਗਸਤ : ਅੱਜ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਫੀਸਾਂ ਵਿੱਚ ਕੀਤੇ ਵਾਧੇ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਹਰਵੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਹਰ ਵਿਦਿਆਰਥੀ ਨੂੰ ਸਿੱਖਿਆ ਮੁਹੱਈਆ ਕਰਵਾਉਣਾ ਸਰਕਾਰ ਦੀ ਜਿੰਮੇਵਾਰੀ ਹੁੰਦੀ ਹੈ ਪਰ ਸਰਕਾਰ ਲਗਾਤਾਰ ਆਪਣੀ ਇਸ ਜਿੰਮੇਵਾਰੀ ਤੋਂ ਭੱਜ ਰਹੀ ਹੈ ਅਤੇ ਵਿਦਿਆਰਥੀਆਂ ਤੋਂ ਸਿੱਖਿਆ ਦਾ ਅਧਿਕਾਰ ਖੋਹਣ ਲਈ ਲਗਾਤਾਰ ਵਿਦਿਆਰਥੀ ਵਿਰੋਧੀ ਨੀਤੀਆਂ ਲੈ ਕੇ ਆ ਰਹੀ ਹੈ। ਉਹਨਾਂ ਕਿਹਾ ਕਿ ਭਾਰਤ ਵਰਗੇ ਗ਼ਰੀਬ ਮੁਲਕ ਵਿੱਚ ਜਿੱਥੇ ਲੋਕਾਂ ਨੂੰ ਮੁਫ਼ਤ ਜਾਂ ਸਸਤੀ ਸਿੱਖਿਆ ਦੇਣ ਦੀ ਲੋੜ ਸੀ, ਉਸਦੇ ਉਲਟ ਕੇਂਦਰ ਅਤੇ ਸੂਬਾ ਸਰਕਾਰਾਂ ਲਗਾਤਾਰ ਸਿੱਖਿਆ ਨੂੰ ਨਿੱਜੀਕਰਨ ਵੱਲ ਧੱਕ ਰਹੀਆਂ ਹਨ ਅਤੇ ਸਰਕਾਰੀ ਸਿੱਖਿਆ ਢਾਂਚੇ ਨੂੰ ਤਬਾਹ ਕਰਨ ਲਈ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਗੁੰਝਲਦਾਰ ਬਣਾਉਣ ਦੇ ਨਾਲ ਫੀਸਾਂ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਉਹਨਾਂ ਬੋਲਦਿਆਂ ਕਿਹਾ ਕਿ ਇਸੇ ਮਕਸਦ ਵਿੱਚੋਂ ਪੰਜਾਬ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਫੀਸਾਂ ਵਿੱਚ ਵਾਧਾ ਕੀਤਾ ਗਿਆ ਹੈ, ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਿਦਿਆਰਥੀ ਵਿਰੋਧੀ ਫੈਸਲਾ ਹੈ।



ਜਿੱਥੇ ਯੂਨੀਵਰਸਿਟੀ ਪ੍ਰਸ਼ਾਸਨ ਦਾ ਕੰਮ ਵਿਦਿਆਰਥੀਆਂ ਨੂੰ ਸੌਖਾਲੀ ਸਿੱਖਿਆ ਮੁਹੱਈਆ ਕਰਵਾਉਣਾ ਸੀ, ਇਸ ਦੇ ਉਲਟ ਹੁਣ ਪ੍ਰਸ਼ਾਸਨ ਵਿਦਿਆਰਥੀਆਂ ਦੇ ਮਸਲੇ ਹੱਲ ਕਰਨ ਦੀ ਬਜਾਏ ਵਿਦਿਆਰਥੀਆਂ ਦੀ ਲੁੱਟ ਵੱਲ ਵਧਦਾ ਨਜ਼ਰ ਆ ਰਿਹਾ ਹੈ, ਜਿਸ ਦੀ ਤਾਜ਼ਾ ਉਦਾਹਰਣ ਲੰਘੀ 24 ਜੁਲਾਈ ਨੂੰ ਸਿੰਡੀਕੇਟ ਵੱਲੋਂ ਯੂਨੀਵਰਸਿਟੀ ਪ੍ਰੀਖਿਆ ਫੀਸਾਂ ਵਿੱਚ 7ਫੀਸਦੀ ਵਾਧੇ ਦੀ ਸਿਫਾਰਸ਼ ਉੱਪਰ ਮੋਹਰ ਲਾ ਦਿੱਤੀ ਗਈ ਹੈ। ਹੋਰ ਵੱਖ-ਵੱਖ ਫੀਸਾਂ ਵਿੱਚ ਵੀ 7 ਤੋਂ 100 ਪ੍ਰਤੀਸ਼ਤ ਤੱਕ ਵਾਧਾ ਕੀਤਾ ਗਿਆ ਹੈ, ਜਿਸ ਨਾਲ ਯੂਨੀਵਰਸਿਟੀ ਅਤੇ ਇਸਦੇ ਕਾਲਜਾਂ ਵਿੱਚ ਪੜਦੇ ਗਰੀਬ/ਨਿਮਨ ਕਿਸਾਨੀ ਦੇ ਪਰਿਵਾਰਾਂ ਉਪਰ ਆਰਥਿਕ ਬੋਝ ਪੈਣਾ ਲਾਜ਼ਮੀ ਹੈ, ਜਦੋਂਕਿ ਇਹ ਲੋਕ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਜਲੰਧਰ ਸੰਧਵਾਂ ਅਤੇ ਅਰਸ਼ਦੀਪ ਸਿੰਘ ਨੇ ਨਵੀਂ ਸਿੱਖਿਆ ਨੀਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਫੀਸਾਂ ਦਾ ਵਾਧਾ ਇਸ ਨੀਤੀ ਨਾਲ ਜੁੜਿਆ ਹੋਇਆ ਹੈ, ਕਿਉਂਕਿ ਕੇਂਦਰ ਸਰਕਾਰ ਦੀ ਏਹ ਨੀਤੀ ਸਿੱਖਿਆ ਨੂੰ ਨਿੱਜੀ ਅਦਾਰਿਆਂ ਨੂੰ ਵੇਚਣ ਲਈ ਲਿਆਂਦੀ ਗਈ ਹੈ। ਉਹਨਾਂ ਅੱਗੇ ਕਿਹਾ ਕਿ ਯੂਨੀਵਰਸਿਟੀ ਨਾਲ ਜੁੜੇ ਕਾਲਜਾਂ ਦੇ ਵਿਦਿਆਰਥੀ ਜਿਹੜੇ ਹੁਣ ਦੂਜੇ ਸਾਲ ਵਿੱਚ ਦਾਖਲਾ ਲੈ ਰਹੇ ਹਨ, ਉਹਨਾਂ ਨੂੰ ਦੁਬਾਰਾ ਤੋਂ ਰਜਿਸਟ੍ਰੇਸ਼ਨ ਕਰਵਾਉਣ ਨਾਲ ਵਾਧੂ ਫੀਸਾਂ ਭਰਨ ਲਈ ਵੀ ਕਿਹਾ ਜਾ ਰਿਹਾ ਹੈ। ਜਿਸ ਕਰਕੇ ਵਿਦਿਆਰਥੀ ਖੱਜਲ ਹੋ ਰਹੇ ਹਨ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨੇ ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਪ੍ਰਿੰਸੀਪਲ ਰਾਹੀਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਮੰਗ ਪੱਤਰ ਭੇਜਿਆ ਅਤੇ ਮੰਗ ਕੀਤੀ ਕਿ ਫੀਸਾਂ ਵਿੱਚ ਕੀਤੇ ਗਏ ਵਾਧੇ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਵਿਦਿਆਰਥੀਆਂ ਨੂੰ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ।

## ਭਾਰਤੀ ਕਮਿਊਨਿਸਟ ਪਾਰਟੀ ਦਾ ਹੁਸੈਨੀਵਾਲਾ ਤੋਂ ਚੱਲਿਆਂ ਚੇਤਨਾ ਮਾਰਚ ਜਥਾ ਅੱਜ ਫਰੀਦਕੋਟ ਵਿੱਚ, ਕੋਟਕਪੂਰਾ ਅਤੇ ਫਰੀਦਕੋਟ ਵਿੱਚ ਕੀਤੀਆਂ ਜਾਣਗੀਆਂ ਦੋ ਪਬਲਿਕ ਰੈਲੀਆਂ। ਪਾਰਟੀ ਦੇ ਸੂਬਾਈ ਆਗੂ ਕਰਨਗੇ ਸੰਬੋਧਨ।

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 23 ਅਗਸਤ : ਭਾਰਤੀ ਕਮਿਊਨਿਸਟ ਪਾਰਟੀ ਦੇ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ ਵਿਖੇ ਹੋਣ ਵਾਲੇ ਕੌਮੀ ਮਹਾਂ-ਸੰਮੇਲਨ ਦੀ ਤਿਆਰੀ ਸਬੰਧੀ ਹੁਸੈਨੀਵਾਲਾ ਸ਼ਹੀਦਾਂ ਦੀ ਯਾਦਗਾਰ ਤੋ ਚੱਲਿਆ ਜੱਥਾ 24 ਅਗਸਤ ਨੂੰ ਫਰੀਦਕੋਟ ਜਿਲੇ ਵਿੱਚ ਪ੍ਰਵੇਸ਼ ਕਰੇਗਾ ਜਿਸ ਨੂੰ ਫਰੀਦਕੋਟ ਜ਼ਿਲੇ ਦੇ ਪਾਰਟੀ ਆਗੂ ਪਿੰਡ ਖਾਰਾ ਵਿਖੇ ਜੀ ਆਇਆਂ ਨੂੰ ਕਹਿਣਗੇ । ਇਸ ਜਥੇ ਨਾਲ ਪਹਿਲੀ ਪਬਲਿਕ ਮੀਟਿੰਗ 10:30 ਵਜੇ ਕੋਟਕਪੂਰਾ ਦੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪੁਰਾਣਾ ਕਿਲਾ ਸਕੂਲ ਵਿਖੇ ਕੀਤੀ ਜਾਵੇਗੀ ਜਿਸ ਨੂੰ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ ਜਗਰੂਪ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੀਨੀਅਰ ਆਗੂ ਸੰਬੋਧਨ ਕਰਨਗੇ । ਇਹ ਜਾਣਕਾਰੀ ਜਿਲਾ ਫਰੀਦਕੋਟ ਦੇ ਸੈਕਟਰੀ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ, ਮਾਸਟਰ ਗੁਰਚਰਨ ਸਿੰਘ ਮਾਨ ਨੇ ਪ੍ਰੈੱਸ ਦੇ ਨਾਂ ਜਾਰੀ ਕਰਦਿਆਂ ਦੱਸਿਆ ਕਿ ਜ਼ਿਲੇ ਅੰਦਰ ਦੂਜੀ ਪਬਲਿਕ ਰੈਲੀ ਸ਼ਹੀਦ ਕਾਮਰੇਡ ਅਮੋਲਕ ਭਵਨ ਫਰੀਦਕੋਟ ਨੇੜੇ ਕਾਲਟੈਕਸ ਪੈਟਰੋਲ ਪੰਪ ਵਿਖੇ ਕੀਤੀ ਜਾਵੇਗੀ । ਆਗੂਆਂ ਨੇ ਦੱਸਿਆ ਕਿ ਇੰਨਾਂ ਦੋਵਾਂ ਜਲਸਿਆਂ ਵਿੱਚ ਦੇਸ਼ ਅਤੇ ਸੂਬੇ ਦੇ ਹਾਲਾਤ, ਸਭ ਹੱਦਾਂ ਬੰਨੇ ਟੱਪ ਚੁੱਕੀ ਮਹਿੰਗਾਈ ਅਤੇ ਬੇਰੁਜ਼ਗਾਰੀ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਉੱਨਾਂ ਜ਼ਿਲੇ ਭਰ ਦੇ ਸੂਝਵਾਨ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਹੁੰਮ ਹੁਮਾ ਕੇ ਪਾਰਟੀ ਆਗੂਆਂ ਦੇ ਵਿਚਾਰ ਸੁਨਣ ਲਈ ਇਨਾਂ ਜਲਸਿਆਂ ਵਿੱਚ ਸ਼ਮੂਲੀਅਤ ਕਰਨ । ਇਸ ਮੌਕੇ ਨਰੇਗਾ ਵਰਕਰਾਂ ਦੇ ਸੀਨੀਅਰ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ, ਪਪੀ ਸਿੰਘ ਢਿਲਵਾਂ, ਪੈਨਸ਼ਨਰ ਆਗੂ ਹਰਪਾਲ ਮਚਾਕੀ, ਕੁਲਵੰਤ ਸਿੰਘ ਚਾਨੀ, ਮਾਸਟਰ ਸੋਮ ਨਾਥ ਅਰੋੜਾ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਚਰਨਜੀਤ ਸਿੰਘ ਚੰਮੇਲੀ, ਬਲਕਾਰ ਸਿੰਘ ਸਹੋਤਾ, ਰਾਮ ਸਰੂਪ ਚੰਦਭਾਨ ਅਤੇ ਰੇਸ਼ਮ ਮੱਤਾ ਆਦਿ ਤੋਂ ਇਲਾਵਾ ਆਸ਼ਾ ਵਰਕਰਾਂ ਦੀ ਸੂਬਾ ਪ੍ਰਧਾਨ ਬੀਬੀ ਅਮਰਜੀਤ ਕੌਰ ਅਤੇ ਪੰਜਾਬ ਇਸਤਰੀ ਸਭਾ ਦੀ ਜ਼ਿਲਾ ਸਕੱਤਰ ਬੀਬੀ ਸ਼ਸ਼ੀ ਸ਼ਰਮਾ ਵੀ ਹਾਜ਼ਰ ਸਨ ।

## ਸਾਦਿਕ ਬਹੁ-ਚਰਚਿਤ ਘੁਟਾਲਾ ਮਾਮਲਾ

### ਐੱਸ.ਬੀ.ਆਈ. ਬੈਂਕ ਨੇ ਦੂਜੀ ਕਿਸ਼ਤ ਰਾਹੀਂ 6 ਹੋਰ ਖਪਤਕਾਰਾਂ ਨੂੰ ਮੋੜੇ 25 ਲੱਖ ਰੁਪਏ



ਕੋਟਕਪੂਰਾ, 23 ਅਗਸਤ : ਭਾਰਤੀ ਸਟੇਟ ਬੈਂਕ ਬਰਾਂਚ ਸਾਦਿਕ ਨੇ ਇੱਕ ਵਾਰ ਫਿਰ ਇਹ ਸਾਬਿਤ ਕਰ ਦਿੱਤਾ ਹੈ ਕਿ ਖਪਤਕਾਰਾਂ ਦਾ ਭਰੋਸਾ ਉਸ ਦੀ ਸਭ ਤੋਂ ਵੱਡੀ ਪੂੰਜੀ ਹੈ। 21 ਜੁਲਾਈ 2025 ਨੂੰ ਐਸ.ਬੀ.ਆਈ. ਸਾਦਿਕ ਸ਼ਾਖਾ ਵਿੱਚ ਹੋਈ ਵਿੱਤੀ ਧੋਖਾਧੜੀ ਦੀ ਘਟਨਾ ਤੋਂ ਬਾਅਦ, ਖੇਤਰੀ ਪ੍ਰਬੰਧਕ ਪ੍ਰਵੀਨ ਸੋਨੀ ਨੇ ਪ੍ਰਭਾਵਿਤ ਖਪਤਕਾਰਾਂ ਨੂੰ ਭਰੋਸਾ ਦਿਵਾਇਆ ਸੀ ਕਿ ਧੋਖਾਧੜੀ ਵਾਲੀਆਂ ਐਂਟਰੀਆਂ ਨੂੰ ਟਰੇਸ ਕਰਕੇ ਜਲਦੀ ਭੁਗਤਾਨ ਸ਼ੁਰੂ ਕੀਤਾ ਜਾਵੇਗਾ। ਇਸ ਵਾਅਦੇ ਦੇ ਅਨੁਸਾਰ 18 ਅਗਸਤ ਨੂੰ ਪਹਿਲੀ ਕਿਸ਼ਤ ਵਿੱਚ 6 ਖਪਤਕਾਰਾਂ ਨੂੰ ਲਗਭਗ 25 ਲੱਖ ਰੁਪਏ ਦੀ ਰਕਮ ਵਾਪਸ ਕੀਤੀ ਗਈ ਸੀ। ਉਸ ਤੋਂ ਬਾਅਦ ਅੱਜ ਦੂਜੀ ਕਿਸ਼ਤ ਦੇ ਰੂਪ ਵਿੱਚ ਹੋਰ 6 ਖਪਤਕਾਰਾਂ ਨੂੰ 24,65,743 ਦੀ ਰਕਮ ਵਾਪਸ ਕੀਤੀ ਗਈ। ਇਸ ਤਰ੍ਹਾਂ ਹੁਣ ਤੱਕ ਕੁੱਲ 12 ਖਪਤਕਾਰਾਂ ਨੂੰ ਲਗਭਗ 50 ਲੱਖ ਰੁਪਏ ਦੀ ਵਾਪਸੀ ਹੋ ਚੁੱਕੀ ਹੈ। ਇਹ ਰਕਮਾਂ ਮੁੱਖ ਤੌਰ ’ਤੇ ਉਹਨਾਂ ਫਿਕਸਡ ਡਿਪਾਜ਼ਿਟਸ (ਐਫਡੀ) ਨਾਲ ਸੰਬੰਧਤ ਸਨ ਜੋ ਸਮੇਂ ’ਤੇ ਬਣਾਈਆਂ ਨਹੀਂ ਗਈਆਂ ਸਨ। ਗ੍ਰਾਹਕਾਂ ਨੂੰ ਨਾ ਸਿਰਫ ਮੂਲਧਨ ਅਤੇ ਵਿਆਜ ਵਾਪਸ ਕੀਤਾ ਗਿਆ, ਬਲਕਿ ਵਾਧੂ 1 ਫੀਸਦੀ ਮੁਆਵਜ਼ਾ ਵਿਆਜ ਵੀ ਦਿੱਤਾ ਗਿਆ। ਇਸ ਨਾਲ ਬੈਂਕ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਦਾ ਸਾਫ਼ ਸੁਨੇਹਾ ਗਿਆ। ਦੋਵਾਂ ਮੌਕਿਆਂ ’ਤੇ ਭੁਗਤਾਨ ਪ੍ਰੋਗਰਾਮ ਖੇਤਰੀ ਪ੍ਰਬੰਧਕ ਪ੍ਰਵੀਨ ਸੋਨੀ ਦੀ ਅਗਵਾਈ ਹੇਠ ਕੀਤਾ ਗਿਆ। ਇਸ ਪ੍ਰਕਿਰਿਆ ਵਿੱਚ ਰੀਜਨਲ ਬਿਜ਼ਨਸ ਆਫਿਸ ਤੋਂ ਆਰ.ਪੀ. ਸਿੰਘ (ਚੀਫ ਮੈਨੇਜਰ–ਓਪਰੇਸ਼ਨ), ਦਲੀਪ ਕੁਮਾਰ (ਮੈਨੇਜਰ–ਕੰਪਲਾਇੰਸ ਅਤੇ ਰਿਸਕ) ਅਤੇ ਸਾਦਿਕ ਸ਼ਾਖਾ ਤੋਂ ਸ਼ਸ਼ਾਂਕ ਸ਼ੇਖਰ (ਡਿਪਟੀ ਮੈਨੇਜਰ), ਨਰਿੰਦਰ ਸਿੰਘ (ਡਿਪਟੀ ਮੈਨੇਜਰ) ਅਤੇ ਸੁਖਜੀਤ ਸਿੰਘ (ਡਿਪਟੀ ਮੈਨੇਜਰ) ਸਮੇਤ ਸਾਰੇ ਸਟਾਫ਼ ਨੇ ਸਰਗਰਮ ਸਹਿਯੋਗ ਦਿੱਤਾ। ਹਾਜਰ ਖਪਤਕਾਰਾਂ ਅਤੇ ਕਿਸਾਨ ਯੂਨੀਅਨ ਨੇ ਇਸ ਕਦਮ ’ਤੇ ਡੂੰਘੀ ਖੁਸ਼ੀ ਜਤਾਈ ਅਤੇ ਕਿਹਾ ਕਿ ਐਸਬੀਆਈ ਦੇਸ਼ ਦਾ ਸਭ ਤੋਂ ਵੱਡਾ ਅਤੇ ਭਰੋਸੇਯੋਗ ਬੈਂਕ ਹੈ, ਜੋ ਕਿਸੇ ਇੱਕ ਦੀ ਗਲਤੀ ਕਾਰਨ ਪ੍ਰਭਾਵਿਤ ਖਪਤਕਾਰਾਂ ਦੀ ਵੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਖਪਤਕਾਰਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਹੋਵੇ। ਖੇਤਰੀ ਪ੍ਰਬੰਧਕ ਪ੍ਰਵੀਨ ਸੋਨੀ ਨੇ ਸਾਦਿਕ ਖੇਤਰ ਦੇ ਸਾਰੇ ਖਪਤਕਾਰਾਂ ਅਤੇ ਨਾਗਰਿਕਾਂ ਦਾ ਉਨ੍ਹਾਂ ਦੇ ਧੀਰਜ ਅਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਭਰੋਸਾ ਦਵਾਇਆ ਕਿ ਬਾਕੀ ਬਚੇ ਪ੍ਰਭਾਵਿਤ ਖਪਤਕਾਰਾਂ ਨੂੰ ਵੀ ਜਲਦ ਭੁਗਤਾਨ ਕਰ ਦਿੱਤਾ ਜਾਵੇਗਾ। ਇਨ੍ਹਾਂ ਦੋ ਕਿਸ਼ਤਾਂ ਰਾਹੀਂ ਨਾ ਸਿਰਫ ਸਾਦਿਕ ਸ਼ਾਖਾ ਦੀ ਸਾਖ ਅਤੇ ਮਾਣ ਮੁੜ ਬਹਾਲ ਹੋਇਆ ਹੈ, ਬਲਕਿ ਇਹ ਵੀ ਸਾਬਤ ਹੋਇਆ ਹੈ ਕਿ ਐਸ.ਬੀ.ਆਈ. ਆਪਣੇ ਗ੍ਰਾਹਕਾਂ ਦੇ ਭਰੋਸੇ ਦੀ ਰੱਖਿਆ ਲਈ ਹਰ ਹਾਲਤ ਵਿੱਚ ਤਤਪਰ ਹੈ।

## ਡਾ: ਜਸਵਿੰਦਰ ਸਿੰਘ ਭੱਲਾ ਦੀ ਮੌਤ ‘ਤੇ ਦੁੱਖ ਪ੍ਰਗਟਾਇਆ

ਵਰਲਡ ਪੰਜਾਬੀ ਟਾਈਮਜ਼



ਨਾਭਾ 23 ਅਗਸਤ : ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸ਼ੀਏਸ਼ਨ (ਰਜ਼ਿ:) ਨਾਭਾ ਦੇ ਪ੍ਰਧਾਨ ਸ੍ਰੀ ਸੱਤਪਾਲ ਅਰੋੜਾ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਸੰਸਥਾ ਦੇ ਦਫਤਰ ਵਿਖੇ ਹਾਜ਼ਰ ਮੈਂਬਰਾਂ ਸ੍ਰੀ ਗੁਰਜਿੰਦਰ ਸਿੰਘ , ਸ੍ਰੀ ਬਲਵਿੰਦਰ ਸਿੰਘ , ਸ੍ਰ. ਜੱਗਾ ਸਿੰਘ , ਸ੍ਰੀ ਰਾਮ ਪ੍ਰਕਾਸ , ਮਾ: ਮੇਜਰ ਸਿੰਘ



ਅਤੇ ਮਾ: ਅਮਰੀਕ ਸਿੰਘ ਨੇ ਡਾ. ਜਸਵਿੰਦਰ ਭੱਲਾ ਦੀ ਮੌਤ ਉੱਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ । ਉਨ੍ਹਾਂ ਦੀ ਪੰਜਾਬੀ ਸਭਿਆਚਾਰ ਨੂੰ ਅਨੋਖੀ ਦੇਣ ਅਤੇ ਪੀ.ਏ.ਯੂ. ਲੁਧਿਆਣਾ ਵਿਖੇ ਖੇਤੀ ਪਸਾਰ ਸਿੱਖਿਆ ਦੇ ਨਾਮਵਰ ਵਿਗਿਆਨੀ ਹੋਣਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ । ਉਹ ਇੱਕ ਨਿਧੱੜਕ ਹਾਸ ਵਿਅੰਗਕਾਰ ਸਨ ਜੋ ਉਨ੍ਹਾਂ ਦੇ ਮਨ ‘ਚ ਹੁੰਦਾ ਉਹ ਮਜ਼ਾਕੀਆ ਲਹਿਜੇ ਵਿੱਚ ਕਹਿ ਹੀ ਦਿੰਦੇ , ਮੌਕੇ ਉੱਪਰ ਵਿਅੰਗ ਕੱਸਣ ਦੀ ਉਨ੍ਹਾਂ ਅੰਦਰ ਖੂਬੀ ਸੀ । ਇਸ ਕਾਰਨ ਭਾਵੇਂ ਉਨ੍ਹਾਂ ਨੂੰ ਖਮਿਆਜ਼ਾ ਵੀ ਭੁਗਤਨਾ ਪੈ ਜਾਂਦਾ , ਉਸ ਨੂੰ ਵੀ ਉਹ ਅੱਗੋਂ ਹੋਰ ਮਜਾਕੀਆ ਲਹਿਜੇ ਵਿੱਚ ਪੇਸ਼ ਕਰ ਜਾਂਦੇ ।ਸੰਸਥਾ ਦੇ ਮੈਂਬਰਾਂ ਨੇ ਦੁੱਖੀ ਭੱਲਾ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਆਪਣਾ ਦੁੱਖ ਅਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ।

## ਲੰਬੇ ਸਮੇਂ ਤੋਂ ਇਟਲੀ ਵੱਸਦੇ ਗੀਤਕਾਰ ਰਾਣਾ ਅਠੌਲਾ ਦੀ ਕਲਮ ਵਿੱਚੋਂ ਕਰਮਭੂਮੀ ਦੀਆਂ ਸਿਫਤਾਂ ਬਿਆਨ ਕਰਦਾ ਨਵਾਂ ਗੀਤ ਇਟਲੀ ਦੀ ਸਾਰੇ ਪਾਸੇ ਹੋਈ ਵਾਹ-ਵਾਹ।

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਇਟਲੀ, 23 ਅਗਸਤ: ਇਟਲੀ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਨੇ ਇਟਲੀ ਦੀ ਧਰਤ ਤੇ ਤਰੱਕੀਆਂ ਵਾਲੀ ਕਾਫੀ ਨਰੋਈ ਪੈੜ ਖਿੱਚੀ ਹੈ | ਪੰਜਾਬ ਤੋਂ ਆ ਕੇ ਵੱਸੇ ਏਸ ਪਰਾਏ ਮੁਲਕ ਵਿੱਚ ਵੀ ਪੰਜਾਬੀਆਂ ਨੇ ਆਪਣੇ ਸੱਭਿਆਚਾਰ ਦੇ ਢੰਗ ਤਰੀਕੇ, ਆਪਣੇ ਪਹਿਰਾਵੇ, ਅਤੇ ਆਪਣੇ ਸ਼ੌਕਾਂ ਨੂੰ ਸਦਾ ਆਪਣੇ ਨਾਲ ਰੱਖਿਆ ਹੈ | ਪੰਜਾਬੀ ਖੇਡਾਂ ਮੇਲੇ ਵੀ ਆਪਣੇ ਢੰਗ ਅਨੁਸਾਰ ਕਰਾਏ ਹਨ | ਕਈ ਮਾਂਵਾਂ ਦੇ ਪੁੱਤਾਂ ਦੇ ਅਧੂਰੇ ਸੁਫ਼ਨੇ ਪੂਰੇ ਕਰਨ ਲਈ ਇਟਲੀ ਦੀ ਇਸ ਧਰਤੀ ਨੇ ਵੀ ਆਪਣੇ ਵੱਲੋਂ ਬਣਦਾ ਪੂਰਾ ਸਹਿਯੋਗ ਦਿੱਤਾ ਹੈ | ਇਟਲੀ ਵਿੱਚ ਵੱਸਦੇ ਪੰਜਾਬੀਆਂ ਨੇ ਆਪਣੇ ਸੁਭਾਅ ਮੁਤਾਬਕ ਕੰਮ ਕਾਰ ਕਰਦਿਆਂ ਆਪਣੇ ਸ਼ੌਂਕ ਵੀ ਬਰਕਰਾਰ ਰੱਖੇ ਹਨ | ਜਿਵੇਂ ਕਿ ਗੀਤ ਸੰਗੀਤ ਵਿੱਚ ਪੰਜਾਬੀਆਂ ਨੇ ਪੂਰੇ ਸੰਸਾਰ ਭਰ ਵਿੱਚ ਆਪਣੀ ਕਲਾ ਦੇ ਝੰਡੇ ਗੱਡੇ ਹਨ, ਇੰਵੇਂ ਹੀ ਇਟਲੀ ਵਿੱਚ ਆਪਣੀ ਗਾਇਕੀ ਦਾ ਮੁਜਾਹਿਰਾ ਕਰ ਰਹੇ ਗਾਇਕ “ਮਨਜੀਤ ਸ਼ਾਲ੍ਹਾਪੁਰੀ” ਨੇ ਸ਼ਾਇਦ ਇਸ ਦੇਸ਼ ਦਾ ਅਹਿਸਾਨ ਅਦਾ ਕਰਨ ਲਈ ਆਪਣੀ ਦਮਦਾਰ ਆਵਾਜ਼ ਵਿੱਚ “ਇਟਲੀ” ਟਾਈਟਲ ਹੇਠ ਇੱਕ ਗੀਤ ਗਾਇਆ ਹੈ | ਜਿਸ ਨੂੰ ਸੁਣ ਕੇ ਇਟਲੀ ਵਿੱਚ ਵੱਸਦਾ ਹਰੇਕ ਪੰਜਾਬੀ ਮਾਣ ਮਹਿਸੂਸ ਕਰ ਰਿਹਾ ਹੈ | ਇਸ ਨਿਵੇਕਲੇ ਜਿਹੇ ਅਣਛੂਹੇ ਵਿਸ਼ੇ ਨੂੰ ਛੋਹ ਕੇ, ਸੁਰਾਂ ਤੇ ਉਤਾਰ ਕੇ, “ਮਨਜੀਤ ਸ਼ਾਲ੍ਹਾਪੁਰੀ” ਨੇ ਆਪਣੇ ਪਰਪੱਕ ਕਲਾਕਾਰ ਹੋਣ ਦਾ ਸਬੂਤ ਪੇਸ਼ ਕੀਤਾ ਹੈ | “ਮਨਜੀਤ ਸ਼ਾਲ੍ਹਾਪੁਰੀ” ਦੇ ਆਏ ਏਸ ਨਵੇਂ ਦੋ ਤਿੰਨ ਮਿੰਟ ਦੇ ਟਰੈਕ ਵਿੱਚ ਇਟਲੀ ਮੁਲਖ਼ ਬਾਰੇ ਕਾਫੀ ਜਾਣਕਾਰੀ ਦਿੱਤੀ ਗਈ ਹੈ | ਏਥੇ ਸਿਫ਼ਤ ਇਸ ਗੀਤ ਦੇ ਗੀਤਕਾਰ “ਰਾਣਾ ਅਠੌਲਾ” ਦੀ ਵੀ ਕਰਨੀ ਬਣਦੀ ਹੈ, ਜਿਸ ਦੀ ਕਲਮ ਨੇ ਗਾਗਰ ‘ਚ ਸਾਗਰ ਭਰਨ ਦਾ ਕੰਮ ਕੀਤਾ ਹੈ | ਇਟਲੀ ਦੇਸ਼ ਦੀਆਂ ਦੁਨੀਆਂ ਨੂੰ ਦਿੱਤੀਆਂ ਦਾਤਾਂ ਬਾਰੇ ਬਾਖੂਬੀ ਚਿਤਰਿਆ ਹੈ | ਵੈਸੇ ਵੀ ਇਟਲੀ ਵਿੱਚ ਵੱਸਦੇ ਪੰਜਾਬੀਆਂ ਵੱਲੋਂ “ਮਨਜੀਤ ਸ਼ਲ੍ਹਾਪੁਰੀ” ਦੀ ਗਾਇਕੀ ਅਤੇ “ਰਾਣਾ ਅਠੌਲਾ” ਦੀ ਲੇਖਣੀ ਨੂੰ ਕਾਫੀ ਸਲਾਹਿਆ ਜਾਂਦਾ ਰਿਹਾ ਹੈ | “ਮਨਜੀਤ ਸ਼ਾਲ੍ਹਾਪੁਰੀ” ਦੇ ਨਵੇਂ ਆਏ ਏਸ ਟਰੈਕ ਦਾ ਸੰਗੀਤ “ਏ.ਵੀ.ਆਰ” ਇਟਲੀ ਵੱਲੋਂ ਤਿਆਰ ਕੀਤਾ ਗਿਆ ਹੈ | ਵੀਡੀਓ “ਗੁਰੀ ਪ੍ਰੋਡਕਸ਼ਨ” ਵੱਲੋਂ ਬਣਾਈ ਗਈ ਹੈ | ਲੇਬਲ “ਯੁਵੀ ਰਿਕਾਰਡਜ਼” ਦਾ ਹੈ | ਵੱਖਰੇ ਜਿਹੇ ਵਿਸ਼ੇ ਦਾ ਵੱਖਰੇ ਜਿਹੇ ਅੰਦਾਜ਼ ਵਿੱਚ ਗਾਇਆ ਇਹ ਗੀਤ ਸ਼ੋਸ਼ਲ ਮੀਡੀਆ ਤੇ ਵਾਹਵਾ ਵਿਊ ਬਟੋਰ ਰਿਹਾ ਹੈ |

## ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਨੇ ਮਨਾਇਆ ਐਲਡਰਜ ਡੇ ਅਤੇ ਸਾਹਿਤਕਾਰ ਮੁਖਤਿਆਰ ਸਿੰਘ ਵੰਗੜ ਨੂੰ ਕੀਤਾ ਸਨਮਾਨਿਤ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 23 ਅਗਸਤ : ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਫਰੀਦਕੋਟ ਨੇ ਐਲਡਰਜ ਡੇ ਮਨਾਉਂਦੇ ਹੋਏ, 31 ਕਿਤਾਬਾਂ ਦੇ ਲਿਖਾਰੀ 84 ਸਾਲਾ ਸਾਹਿਤਕਾਰ ਸਮਾਜ ਸੇਵੀ ਮੁਖਤਿਆਰ ਸਿੰਘ ਵੰਗੜ ਨੂੰ ਸਨਮਾਨਤ ਕਰਨ ਲਈ , ਸਮਾਰੋਹ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ। ਸਮਾਰੋਹ ਦੀ ਸ਼ੁਰੂਆਤ ਤੇ ਪ੍ਰਧਾਨ ਐਸੋਸੀਏਸ਼ਨ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਨੇ ਸਭ ਮੈਂਬਰਾਂ ਨੂੰ ਜੀ ਆਇਆ ਕਹਿੰਦਿਆਂ ਹੋਇਆ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜਸੇਵੀ ਅਤੇ ਸਨਮਾਨਿਤ ਸਮਾਰੋਹਾਂ ਦਾ ਵੇਰਵਾ ਦਿੰਦਿਆਂ ਹੋਇਆਂ, ਐਸੋਸੀਏਸ਼ਨ ਦੀ ਕਾਰਜ ਸ਼ੈਲੀ ਬਾਰੇ ਵੀ ਵਿਸਥਾਰ ਸਹਿਤ ਚਾਨਣਾ ਪਾਇਆ। ਐਲਡਰਸ ਡੇ ਦੇ ਮੌਕੇ ਤੇ ਸਨਮਾਨਿਤ ਹੋਣ ਵਾਲੇ ਸਾਹਿਤਕਾਰ ਗਿਆਨੀ ਮੁਖਤਿਆਰ ਸਿੰਘ ਵੰਗੜ ਜੀ ਨੂੰ ਤੇ ਹੋਰ ਸਨਮਾਨਤ ਹੋਣ ਵਾਲੇ ਮੈਂਬਰਾਂ ਨੂੰ ਵੀ ਵਧਾਈਆਂ ਦਿੱਤੀਆਂ।

ਵਿਤ ਸਕੱਤਰ ਪ੍ਰੋਫੈਸਰ ਐਨ. ਕੇ. ਗੁਪਤਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਹੋਇਆਂ ,ਸਨਮਾਨਿਤ ਹੋਣ ਵਾਲੇ ਮੈਂਬਰਾਂ ਦੀ ਜਾਣ ਪਹਿਚਾਣ ਕਰਵਾਈ ਅਤੇ ਹਾਰ ਪਹਿਨਾ ਕੇ ਸ਼ਾਨਦਾਰ ਤੋਹਫੇ ਦੇ ਕੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੋਂ ਸਨਮਾਨਿਤ ਕਰਵਾਇਆ ਅਤੇ ਐਸੋਸੀਏਸ਼ਨ ਦੇ ਲੇਖੇ ਜੋਖੇ ਬਾਰੇ ਵੀ ਚਾਨਣਾ ਪਾਇਆ।

ਰਾਸ਼ਟਰਪਤੀ ਅਵਾਰਡੀ ਪ੍ਰਿੰਸੀਪਲ ਕ੍ਰਿਸ਼ਨ ਲਾਲ ਜੀ ਨੇ ਐਲਡਰਜ ਡੇ ਮਨਾਉਣ ਸਬੰਧੀ ਬਹੁਤ ਹੀ ਵਿਸਥਾਰ ਨਾਲ ਚਾਨਣਾ ਪਾਇਆ। ਐਸੋਸੀਏਸ਼ਨ ਪੀ.ਆਰ.ਓ ਦਰਸ਼ਨ ਲਾਲ ਚੁੱਘ ਨੇ ਸਨਮਾਨਿਤ ਹੋਣ ਵਾਲੇ ਸਾਹਿਤਕਾਰ ਗਿਆਨੀ ਮੁਖਤਿਆਰ ਸਿੰਘ ਵੰਗੜ ਦੇ ਸੰਘਰਸ਼ ਸਬੰਧੀ, ਜੀਵਨ ਸਬੰਧੀ ਅਤੇ ਕਿਤਾਬਾਂ ਲਿਖਣ ਦੇ ਸ਼ੌਂਕ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਇਹ ਹੁਣ ਤੱਕ 31 ਕਿਤਾਬਾਂ ਲਿਖ ਚੁੱਕੇ ਹਨ ਅਤੇ ਭਵਿੱਖ ਵਿੱਚ ਹੋਰ ਕਿਤਾਬਾਂ ਲਿਖ ਰਹੇ ਹਨ। । ਇਹਨਾਂ ਨੂੰ ਫ਼ਰੀਦਕੋਟ ਜ਼ਿਲਾ ਪ੍ਰਸ਼ਾਸਨ ਵੱਲੋਂ, ਭਾਰਤ ਦੀਆਂ ਬਹੁਤ ਸਾਰੀਆਂ ਸਟੇਟਾਂ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਸਾਹਿਤਕਾਰ ਗਿਆਨੀ ਮੁਖਤਿਆਰ ਸਿੰਘ ਵੰਗੜ ਨੇ ਦੱਸਿਆ ਕਿ ਉਹਨਾਂ ਨੂੰ ਕਿਤਾਬਾਂ ਲਿਖਣ ਦੀ ਪ੍ਰੇਰਨਾ/ਸ਼ੌਂਕ ਰਿਟਾਇਰਮੈਂਟ ਤੋਂ ਬਾਅਦ ਹੀ ਸ਼ੁਰੂ ਹੋਇਆ। ਉਹ ਅੱਜ ਵੀ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਮੋਹਰੀ ਮੈਂਬਰ ਹੋ ਕੇ ਸਮਾਜ ਸੇਵਾ ਦਾ ਕੰਮ ਕਰ ਰਹੇ ਹਨ।

ਇਸ ਸਮਾਰੋਹ ਦੌਰਾਨ ਕਾਰੋਬਾਰੀ ਉਦਯੋਗਪਤੀ ਰਮੇਸ਼ ਕੁਮਾਰ ਗੇਰਾ , ਕਾਰੋਬਾਰੀ ਰਮੇਸ਼ ਕੁਮਾਰ ਗਰੋਵਰ, ਅਤੇ ਪੀ.ਆਰ. ਓ. ਦਰਸ਼ਨ ਲਾਲ ਚੁੱਘ ਨੂੰ ਐਸੋਸੀਏਸ਼ਨ ਨੂੰ ਦਿੱਤੇ ਜਾ ਰਹੇ ਵਡਮੁੱਲੇ ਸਹਿਯੋਗ ਸਦਕਾ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮਾਰੋਹ ਨੂੰ ਸਫਲ ਕਰਨ ਲਈ ਗਰੀਸ਼ ਕੁਮਾਰ ਸੁਖੀਜਾ, ਇੰਜ ਜੀਤ ਸਿੰਘ, ਸੁਖਮੰਦਰ ਸਿੰਘ ਭਲੂਰੀਆ ਅਤੇ ਸ਼ਾਮ ਸੁੰਦਰ ਰਿਹਾਨ ਨੇ ਵਿਸ਼ੇਸ਼ ਯੋਗਦਾਨ ਪਾਇਆ। ਅਸ਼ੋਕ ਕੁਮਾਰ ਚਾਵਲਾ ਪ੍ਰਧਾਨ ਰੈਡ ਕਰਾਸ ਸੀਨੀਅਰ ਸਿਟੀਜਨ ਵੈਲਫੇਅਰ ਕਲੱਬ, ਸਰਬਰਿੰਦਰ ਸਿੰਘ ਬੇਦੀ ਅਤੇ ਸਵਰਨ ਸਿੰਘ ਵੰਗੜ ਨੇ ਵਿਸ਼ੇਸ਼ ਤੌਰ ਤੇ ਸਮਾਰੋਹ ਵਿੱਚ ਸ਼ਿਰਕਤ ਕੀਤੀ।

ਉਦਯੋਗਪਤੀ ਅਸ਼ੋਕ ਕੁਮਾਰ ਜੈਨ ਸਾਬਕਾ ਮੀਤ ਪ੍ਰਧਾਨ ਮਾਰਕੀਟ ਕਮੇਟੀ , ਸਫਲ ਕਿਸਾਨ ਜਸਵੰਤ ਸਿੰਘ ਕੁਲ ਨੂੰ ਐਸੋਸੀਏਸ਼ਨ ਦਾ ਮੈਂਬਰ ਬਣਨ ਤੇ ਸਭ ਮੈਂਬਰਾਂ ਵੱਲੋਂ ਅਤੇ ਅਹੁਦੇ ਦਾਰਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ।

ਸਮਾਰੋਹ ਦੀ ਰੌਣਕ ਵਧਾਉਣ ਲਈ ਪ੍ਰਿੰਸੀਪਲ ਸੁਖਦੇਵ ਸਿੰਘ ਦੋਸਾਂਝ ,ਕੇ. ਪੀ. ਸਿੰਘ ਸਰਾਂ, ਕਰਨਲ ਬਲਬੀਰ ਸਿੰਘ ਸਰਾਂ ,ਗੰਗਾ ਪ੍ਰਸਾਦ ਛਾਬੜਾ, ਬਿਸ਼ਨ ਦਾਸ ਅਰੋੜਾ, ਪ੍ਰਿੰਸੀਪਲ ਅੰਮ੍ਰਿਤ ਪਾਲ ਸਿੰਘ, ਧਰਮਵੀਰ ਸਿੰਘ ਡੀ ਈ ਓ, ਸਤਪਾਲ ਬਾਂਸਲ, ਸਟੇਟ ਐਵਾਰਡੀ ਕੁਲਜੀਤ ਸਿੰਘ ਵਾਲੀਆ, ਸਤ ਨਰਾਇਣ ਗਰਗ, ਪ੍ਰਿੰਸੀਪਲ ਵਿਨੋਦ ਕੁਮਾਰ ਸਿੰਗਲਾ, ਦੇਵ ਕ੍ਰਿਸ਼ਨ ਸ਼ਰਮਾ, ਪ੍ਰੋਫੈਸਰ ਨਿਰਮਲ ਕੌਸ਼ਿਕ, ਪ੍ਰੋਫੈਸਰ ਜਤਿੰਦਰ ਸਿੰਘ ਸੰਧੂ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

## ਮੇਰਾ ਜੀ ਕਰਦਾ****

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਮੇਰਾ ਜੀ ਕਰਦਾ ਸਜਣਾਂ ਤੇਰੇ ਪਿਆਰ ਵਿਚ ਮੈਂ ਕੁਝ ਕਰ ਜਾਵਾਂ।

ਤੇਰੇ ਚਰਨਾਂ ਦੇ ਵਿਚ ਮੈਂ ਜੀਵਾਂ ਤੇ ਤੇਰੇ ਹੀ ਚਰਨਾਂ ਵਿਚ ਮਰ ਜਾਵਾਂ।

ਜਦੋਂ ਮੈਂ ਅਖਾਂ ਖੋਲਾਂ ਤੇ ਦੇਖਾ ਤੇਰਾ ਚਾਰ ਚੁਫੇਰੇ ਨਜ਼ਾਰਾ ਹੋਵੇ ।

ਤੇਰੇ ਬਿਨ ਕੁਝ ਨਜ਼ਰ ਨਾ ਆਵੇ

ਤੇਰਾ ਹਰ ਪਾਸੇ ਦੀਦਾਰ ਹੋਵੇ।

ਤੇਰੀ ਚਰਨ ਧੂੜ ਮੈਂ ਮੱਥੇ ਤੇ ਲਾਕੇ ਭਾਗਾਂ ਵਾਲੀ ਬਣ ਜਾਵਾਂ।

ਗੁਲਸ਼ਨ ਦੁਨੀਆਂ ਜੋਂ ਮਹਿਕ ਰਿਹਾ ਹੈ ਇਸ ਬਾਗ਼ ਦਾ ਮਾਲੀ ਤੂੰ ਹੈ ਸਜਣਾਂ

ਮੈਂ ਆਪਣੀ ਜ਼ਿੰਦਗੀ ਵਿਚ ਸਭ ਦੇਖੇ ਪਰ ਤੇਰੇ ਜਿਹਾ ਕੋਈ ਨਾ।

ਤੂੰ ਜੋਂ ਦੋ ਬੋਲ ਮਿੱਠੇ ਮਿੱਠੇ ਬੋਲੇ ਉਹ ਮੇਰੇ ਜੀਵਨ ਦਾ ਆਧਾਰ ਹੋਵੇ।

ਤੇਰੇ ਚਰਨਾਂ ਵਿਚ ਮੇਰਾ ਜੀਵਨ ਨੀਸਾਰ ਹੋਵੇ।

ਮੇਰਾ ਜਨਮ ਜਨਮ ਦਾ ਸਾਥ ਰਹੇ ਐਸਾ ਕੋਈ ਕੰਮ ਮੈਂ ਕਰ ਜਾਵਾਂ।

ਮੇਰਾ ਜੀ ਕਰਦਾ ਸਜਣਾਂ ਤੇਰੇ ਪਿਆਰ ਵਿਚ ਮੈਂ ਕੁਝ ਕਰ ਜਾਵਾਂ।

## ਲੋਕਾਂ ਨੂੰ ਹਸਾਉਣ ਵਾਲੇ ਰਵਾ ਵੀ ਜਾਂਦੇ ਹਨ...

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ



ਸਟੇਜੀ ਪੰਜਾਬੀ ਗੀਤ ਸੰਗੀਤ ਦੇ ਨਾਲ ਕਾਮੇਡੀ ਦਾ ਸਿੱਧਾ ਸਬੰਧ ਹੈ ਪੰਜਾਬੀ ਗਾਇਕ ਕਲਾਕਾਰਾਂ ਦੀਆਂ ਸਟੇਜਾਂ ਦੇ ਉੱਪਰ ਅਕਸਰ ਹੀ ਕਾਮੇਡੀ ਪੇਸ਼ ਕੀਤੀ ਜਾਂਦੀ। ਠੇਠ ਪੰਜਾਬੀ ਪੰਜਾਬ ਨਾਲ ਜੁੜੀ ਹੋਈ ਕਾਮੇਡੀ ਲੋਕਾਂ ਨੇ ਪਸੰਦ ਕੀਤੀ ਅਜਿਹੀ ਹੀ ਕਾਮੇਡੀ ਦੇ ਮਾਲਕ ਸਨ ਅੱਜ ਦੁਨੀਆਂ ਤੋਂ ਤੁਰ ਕੇ ਦੂਰ ਜਾਣ ਵਾਲੇ ਜਸਵਿੰਦਰ ਭੱਲਾ ਜੀ।

ਭੱਲਾ ਜੀ ਦਾ ਜਨਮ ਪਿੰਡ ਕੱਦੋਂ ਨਜ਼ਦੀਕ ਦੋਰਾਹਾ ਵਿਖੇ ਹੋਇਆ ਤੇ ਫਿਰ ਉਹ ਦੋਰਾਹਾ ਆ ਕੇ ਵਸ ਗਏ ਇਥੋਂ ਉਹਨਾਂ ਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿੱਚ ਜਾ ਕੇ ਪੜਾਈ ਤੇ ਨੌਕਰੀ ਸਮੇਂ ਕਾਮੇਡੀ ਮੰਚ ਤੇ ਉੱਪਰ ਸ਼ਿਰਕਤ ਕੀਤੀ। ਭੱਲਾ ਜੀ ਦੀ ਕਾਮੇਡੀ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਕਾਮੇਡੀ ਵਿੱਚ ਪੰਜਾਬੀ ਪਰਿਵਾਰਕ ਨੋਕ ਝੋਕ ਲੜਾਈ ਵਿਆਹਾਂ ਤੇ ਹੋਰ ਦੇ ਰੰਗਾਂ ਨੂੰ ਬਾਖੂਬੀ ਪੇਸ਼ ਕਰਦੇ ਰਹੇ। ਭੱਲਾ ਜੀ ਅਕਸਰ ਹੀ ਸਮੇਂ ਸਮੇਂ ਦੀਆਂ ਸਰਕਾਰਾਂ ਉੱਪਰ ਵੀ ਕਾਫ਼ੀ ਵਿਅੰਗ ਚੋਟ ਕਰਦੇ ਸਨ ਤੇ ਇਸੇ ਕਰਕੇ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੇ ਨਾਲ ਉਹਨਾਂ ਦਾ ਮਨ ਮੁਟਾਵ ਵੀ ਹੋਇਆ ਸੀ ਖੈਰ ਹੁਣ ਭੱਲਾ ਜੀ ਦੀਆਂ ਇੱਕ ਨਹੀਂ ਅਨੇਕਾਂ ਯਾਦਾਂ ਸਾਡੇ ਕੋਲ ਹਨ ਉਹਨਾਂ ਨੇ ਸਟੇਜੀ ਕਾਮੇਡੀ ਤੋਂ ਬਾਅਦ ਕੈਸਟ ਕਾਮੇਡੀ ਦੇ ਵਿੱਚ ਪੰਜਾਬੀ ਸਰੋਤਿਆਂ ਦੈ ਰੱਜ ਕੇ ਮਨੋਰੰਜਨ ਕੀਤਾ। ਵੀਡੀਓ ਤੇ ਫਿਲਮਾਂ ਦੇ ਵਿੱਚ ਵੀ ਭੱਲਾ ਜੀ ਦੀ ਜਬਰਦਸਤ ਐਂਟਰੀ ਰਹੀ। ਸਭ ਤੋਂ ਵੱਡੀ ਗੱਲ ਕਿ ਭੱਲਾ ਜੀ ਜਲੰਧਰ ਦੂਰਦਰਸ਼ਨ ਤੋਂ ਪੇਸ਼ ਕੀਤੇ ਜਾਣ ਵਾਲੇ ਕਈ ਤੇ ਵਿਸ਼ੇਸ਼ ਪ੍ਰੋਗਰਾਮ ਲਿਸ਼ਕਾਰਾ ਦੇ ਵਿੱਚ ਬਹੁਤ ਸ਼ਾਨਦਾਰ ਤਰੀਕੇ ਪੇਸ਼ਕਸ਼ ਕਰਦੇ ਰਹੇ ਤੇ ਉਹਨਾਂ ਨੇ ਲੋਕਾਂ ਦੇ ਦਿਲਾਂ ਉੱਤੇ ਰਾਜ ਕੀਤਾ ਅਨੇਕਾਂ ਤਰੀਕਿਆਂ ਨਾਲ ਲੋਕਾਂ ਨੂੰ ਹਸਾਉਣ ਵਾਲੇ ਭੱਲਾ ਜੀ ਅੰਤਿਮ ਸਮੇਂ ਰਵਾ ਕੇ ਤੁਰ ਗਏ।

## ਲਾਲ ਰੰਗ ਦੀ ਨਿੱਕਰ



ਕੇਰਾਂ,ਨਾਨੀ ਮੇਰੀ,ਮੇਰੇ ਲਈ
ਨਿੱਕਰ ਇੱਕ ਲਿਆਈ!
ਲਾਲ ਰੰਗ ਦੀ ਨਿੱਕਰ ਦੇ ਵਿੱਚ
ਵਧੀਆ ਲਾਸਟਕ ਪਾਈ।

ਗੋਡਿਆਂ ਤਾਂਈ ਨਿੱਕਰ ਪਾ ਕੇ
ਵਾਂਗ ਜੋਕਰਾਂ ਲੱਗਦਾ।
ਸਿਰ ਤੇ ਟੋਪੀ,ਹੱਥ 'ਚ ਸੋਟੀ
ਮੈ ਬੜਾ ਸੀ ਫੱਬਦਾ।

ਹਾਣ ਮੇਰੇ ਦੇ ਹਾਣੀ ਮੈਨੂੰ ਵੇਖ
ਵੇਖ ਕੇ ਹੱਸਦੇ।
ਕਿੱਥੋਂ ਲਿਆਂਦੀ ਨਿੱਕਰ,ਮੇਰੀ ਨੂੰ
ਚੋਰੀ ਦੀ ਸੀ ਦੱਸਦੇ।

ਲੂਜ਼ ਮੋਸਨ ਲੱਗੇ ਮੈਨੂੰ ਇੱਕ ਦਿਨ
ਮੰਮੀ ਡਾਕਟਰ ਦੇ ਲੈ ਗਈ।
ਵੇ ਵੀਰਾਂ ਮੁੰਡੇ ਸਾਡੇ ਨੂੰ ਨਜ਼ਰ ਕਿਸੇ
ਦੀ ਪੈ ਗਈ।

ਅੱਗੋਂ, ਭਾਈ ਸੀ ਬੜਾ ਮਖੋਲੀਆਂ
ਤੂੰ ਬੀਬੀ ਕਿਉਂ ਲੜ੍ਹਦੀ।
ਲਾਲ ਕੱਪੜਾ ਵੇਖ ਕੇ ਦੂਰੋਂ
ਆਉਂਦੀ ਗੱਡੀ ਖੜ੍ਹਦੀ।

ਲਾਲ ਨਿੱਕਰ ਪਾਈ ਇਸ ਨੇ
ਲੂਜ਼ ਮੋਸਨ ਰੁਕ ਜਾਣੇ।
'ਪੱਤੋ' ਚਾਅ 'ਚ ਭੱਜਿਆ ਸੀ ਫਿਰਦਾ,
ਬਹਿ ਗਿਆ ਲੱਗ ਟਿਕਾਣੇ।

ਅੱਜ ਵੀ ਮੇਰੇ ਚੇਤੇ ਵਿੱਚ ਹੈ,
ਜੋ ਬਚਪਨ ਵਿੱਚ ਹੋਇਆ1
ਜਿਉਂ 'ਹਰਪ੍ਰੀਤ' ਵੱਡਾ ਹੋ ਗਿਆ,
ਤਿਉਂ ਵਿੱਚ ਫਿਕਰਾਂ ਦੇ ਖੋਇਆ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਕਸੂਰ




ਹੋਇਆ ਕੀ ਕਸੂਰ, ਦਿਲ ਹੋਇਆ ਚੂਰ ਚੂਰ ਮੇਰਾ,
ਸੋਹਣਿਆਂ ਤੂੰ ਕਾਹਤੋਂ ਲਈਆਂ ਅੱਖੀਆਂ ਨੇ ਫੇਰ ਵੇ!
ਦਿਲ ਹੈ ਉਦਾਸ, ਅੱਜ ਬੜਾ ਹੀ ਨਿਰਾਸ਼ ਹੋਇਆ,
ਲੱਗਦੈ ਕਿ ਚਾਰੇ ਪਾਸੇ ਪੈ ਗਿਆ ਹਨੇਰ ਵੇ!

ਨਿੱਕੀ ਜੇਹੀ ਗੱਲ ਉੱਤੇ ਵੱਟ ਲਿਆ ਮੂੰਹ ਉਹਨੇ,
ਆਉਂਦੀ ਹੈ ਭੁਆਂਟਣੀ ਤੇ ਚੜ੍ਹਦੀ ਹੈ ਘੇਰ ਵੇ!
ਛੱਡ ਰੋਸਾ, ਹੱਥ ਜੋੜਾਂ, ਮਿੰਨਤਾਂ ਮੈਂ ਕਰਦੀ ਹਾਂ,
ਲਿਖ 'ਤਾ ਮੁਆਫ਼ੀਨਾਮਾ, ਲਾਈ ਕਾਹਤੋਂ ਦੇਰ ਵੇ!

ਐਡਾ ਕੀ ਪਹਾੜ ਟੁੱਟਾ, ਗੁੱਸਾ ਮੇਰੇ ਉੱਤੇ ਫੁੱਟਾ,
ਪਾਵੇਂ ਵਖਰੇਵੇਂ ਕਹਿ ਕੇ ਐਵੇਂ ਮੇਰ-ਤੇਰ ਵੇ!
ਚੰਗੀ ਨਹੀਂ ਜ਼ਿਦ, ਹੋਈ ਛੋਟੀ ਜਿਹੀ ਗਲਤੀ ਜੇ,
ਥੁੱਕ ਦੇ ਤੂੰ ਗੁੱਸਾ, ਹੁਣ ਬੁੱਲ੍ਹੀਆਂ ਨਾ ਟੇਰ ਵੇ!

ਭਰਦੀ ਹਾਂ ਹੌਕੇ, ਦਿਲੋਂ ਉਠਦੀ ਹੈ ਹੂਕ ਮੇਰੇ,
ਰਗੜਾਂ ਮੈਂ ਮੱਥਾ, ਅੱਖੋਂ ਹੰਝੂ ਰਹੀ ਕੇਰ ਵੇ!
ਚੈਨ ਆਵੇ ਦਿਲ ਨੂੰ, ਜੇ ਕਰ ਦੇਵੇਂ ਮਾਫ਼ ਮੈਨੂੰ,
ਹੱਸ ਕੇ ਜੇ ਬੋਲੇਂ, ਨਾਲ਼ ਮੇਰੇ ਇੱਕ ਵੇਰ ਵੇ!

ਦੁਖੀ ਵੇਖ ਮੈਨੂੰ, ਚੜ੍ਹੇ ਖੁਸ਼ੀ ਏਦਾਂ ਤੈਨੂੰ,
ਜਿਵੇਂ ਕੀਤਾ ਹੋਵੇ ਫੌਤ, ਕੋਈ ਤਿੱਤਰ-ਬਟੇਰ ਵੇ!
ਸੀਨਾ ਹੋਇਆ ਤਾਰ-ਤਾਰ, ਕਾਹਤੋਂ ਪਾਵੇਂ ਫਿਟਕਾਰ,
ਸਿੱਧੀ ਗੱਲ ਕਰ ਮੂੰਹੋਂ, ਛੱਡ ਵਾਧੂ ਹੇਰ-ਫੇਰ ਵੇ!

ਮੱਥੇ ਵੱਟ ਪਾਉਣੇ ਛੱਡ, ਦਿਲ 'ਚੋਂ ਕਰੋਧ ਕੱਢ,
ਫੇਰ ਹੀ ਕਰਾਂਗੇ ਗੱਲਾਂ, 'ਕੱਠੇ ਹੋ ਕੇ ਢੇਰ ਵੇ!
ਹਿੱਕ ਨਾਲ ਲਾ ਕੇ, ਗਲਵੱਕੜੀ ਜੇ ਘੁੱਟ ਪਾਵੇਂ,
ਮੇਰੇ ਲਈ ਆਉਣੀ, ਉਦੋਂ ਸੱਜਰੀ-ਸਵੇਰ ਵੇ!

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਤੁਹਾਡੇ ਨਾਲ ਸਾਡੀ ਤਾਂ ਅਜੇ ਵੀ ਪੱਕੀ ਯਾਰੀ ਹੈ।
ਅਸਾਂ ਤਾਂ ਕੁਝ ਨਹੀਂ ਕੀਤਾ ਤੁਸਾਂ ਹੀ ਲੀਕ ਮਾਰੀ ਹੈ।

ਇਹ ਸਾਰਾ ਖੇਲ ਕਿਸਮਤ ਦਾ ਇਨੂੰ ਹੀ ਜ਼ਿੰਦਗੀ ਕਹਿੰਦੇ,
ਕਿਸੇ ਰੋ-ਰੋ ਗੁਜ਼ਾਰੀ ਹੈ ਕਿਸੇ ਹੱਸ-ਹੱਸ ਗੁਜ਼ਾਰੀ ਹੈ।

ਕਿਹੜਾ ਕਹਿੰਦਾ ਕਿ ਬਿਨ ਖੰਭਾਂ ਦੇ ਅੰਬਰ ਛੂਹ ਨਹੀਂ ਹੁੰਦਾ,
ਅਸਾਂ ਦੀ ਸੋਚ ਦੀ ਅੰਬਰ ਤੋਂ ਵੀਂ ਉਚੀ ਉਡਾਰੀ ਹੈ।

ਗਿਆ ਨਾ ਜ਼ਹਿਰ ਫਿਰ ਵੀ ਉਸ ਦੇ ਸੁੰਦਰ ਜਿਸਮ ਦੇ ਵਿਚੋਂ,
ਅਨੇਕਾਂ ਵਾਰ ਉਸ ਨੇ ਅਪਣੇਂ ਤਨ ਤੋਂ ਕੁੰਜ ਉਤਾਰੀ ਹੈ।

ਇਹਦੇ ਪ੍ਰਕਾਸ਼ ਨਾਲ ਹੀ ਰੌਸ਼ਨੀ ਦੁਨੀਆਂ ਨੂੰ ਮਿਲਦੀ ਹੈ,
ਬਣਾਵੇ ਪੀੜੀਆਂ ਦੀ ਹੋਂਦ ਜਿਸ ਦਾ ਨਾਮ ਨਾਰੀ ਹੈ।

ਕਰਾਂਤੀ ਇਸ ਤਰ੍ਹਾਂ ਮਜ਼ਬੂਰ ਹੋ ਕੇ ਜਨਮ ਲੈਂਦੀ ਹੈ,
ਹਵਾ ਦੇ ਨਾਲ ਜਦ ਕੱਖਾਂ ਦੇ ਵਿਚ ਭਖਦੀ ਚਿੰਗਾਰੀ ਹੈ।

ਭਰੋਸਾ ਕੁਝ ਨਹੀਂ ਇਸ ਦਾ ਕਦੋਂ ਇਹ ਡੋਰ ਟੁੱਟ ਜਾਵੇ,
ਬਿਗਾਨੀ ਜ਼ਿੰਦਗੀ ਸਾਹਾਂ ਦੇ ਵਿਚ ਰੱਖੀ ਉਧਾਰੀ ਹੈ।

ਹਮੇਸ਼ਾਂ ਚਾਲਬਾਜਾਂ ਤੋਂ ਰਹੀਏ ਕੁਝ ਫਾਸਲੇ ਉਪਰ,
ਖੜੱਪੇ ਸੱਪ ਦੀ ਬੇਸ਼ਕ ਸ਼ਕਲ ਲਗਦੀ ਪਿਆਰੀ ਹੈ।

ਸਿਰਫ਼ ਜੜ੍ਹ ਦੀ ਮਹੱਤਤਾ ਦੀ ਨਾ ਵੇਖੋ ਦਾਸਤਾਂ ਕੀ ਹੈ,
ਬਹਾਰਾਂ ਦੀ ਬਦੌਲਤ ਹੀ ਖਿੜ੍ਹੀ ਸਾਰੀ ਕਿਆਰੀ ਹੈ।

ਉਹ ਬੰਦਾ ਕਰਮ ਵਿਚ ਹਰਗਿਜ ਪਵਿੱਤਰ ਹੋ ਨਹੀਂ ਸਕਦਾ,
ਸਿਰਫ਼ ਵੱਢਣ 'ਚ ਕੰਮ ਆਵੇ ਜਿਹਦੀ ਫ਼ਿਤਰਤ 'ਚ ਆਰੀ ਹੈ।

ਉਨੂੰ ਪੁੱਛੋ ਕਿ ਅਸਲੀ ਜ਼ਿੰਦਗੀ ਦੇ ਅਰਥ ਕੀ ਹੁੰਦੇ,
ਜਿਹਦੀ ਪਿੱਠ ਤੇ ਹੀ ਜ਼ੁੰਮੇਵਾਰੀਆਂ ਦੀ ਪੰਡ ਭਾਰੀ ਹੈ।

ਗ਼ਜ਼ਲ ਪ੍ਰਸੂਤੀ ਪੀੜਾ ਵਾਂਗਰਾਂ ਹੀ ਜਨਮ ਲੈਂਦੀ ਹੈ,
ਸਿਰਫ਼ ਬਾਲਮ ਤੋਂ ਪੁੱਛੋ ਪੀੜ ਇਹ ਕਿੱਦਾਂ ਸਹਾਰੀ ਹੈ।

## ਰੂਹ ਦੀ ਅਵਾਜ਼ ਅਤੇ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਹੈ ਸ੍ਰੀ ਮਹਿੰਦਰ ਸੂਦ ਵਿਰਕ ਜੀ ਦਾ ਕਾਵਿ ਸੰਗ੍ਰਿਹ "ਸੱਚੇ ਸੁੱਚੇ ਹਰਫ਼"




ਵਰਲਡ ਪੰਜਾਬੀ ਟਾਈਮਜ਼
ਕੰਵਲਜੀਤ ਕੌਰ

'ਸੱਚੇ ਸੁੱਚੇ ਹਰਫ਼', ਕਵੀ ਸ੍ਰੀ ਮਹਿੰਦਰ ਸੂਦ ਵਿਰਕ ਜੀ ਦੁਆਰਾ ਲਿਖਿਆ ਗਿਆ ਇੱਕ ਅਜਿਹਾ ਕਾਵਿ ਸੰਗ੍ਰਿਹ ਹੈ, ਜੋ ਸਿਰਫ਼ ਸ਼ਬਦਾਂ ਦਾ ਸੰਗਮ ਨਹੀਂ, ਬਲਕਿ ਰੂਹ ਦੀ ਅਵਾਜ਼ ਹੈ। ਇਹ ਕਿਤਾਬ ਪਾਠਕਾਂ ਦੇ ਦਿਲਾਂ ਵਿੱਚ ਡੂੰਘੀ ਥਾਂ ਬਣਾ ਲੈਂਦੀ ਹੈ ਅਤੇ ਜੀਵਨ ਦੇ ਅਨੇਕਾਂ ਰੰਗਾਂ ਨੂੰ ਪੇਸ਼ ਕਰਦੀ ਹੈ।

ਵਿਸ਼ਿਆਂ ਦੀ ਵਿਸ਼ਾਲਤਾ: ਅਧਿਆਤਮ ਤੋਂ ਸਮਾਜ ਤੱਕ :-
ਇਸ ਕਾਵਿ ਸੰਗ੍ਰਿਹ ਦੀ ਸਭ ਤੋਂ ਵੱਡੀ ਖਾਸੀਅਤ ਇਸਦੇ ਵਿਸ਼ਿਆਂ ਦੀ ਵਿਭਿੰਨਤਾ ਹੈ। ਕਵੀ ਨੇ ਸਿਰਫ਼ ਪਿਆਰ ਅਤੇ ਵਿਛੋੜੇ ਵਰਗੇ ਮਨੁੱਖੀ ਭਾਵਾਂ ਤੱਕ ਹੀ ਸੀਮਤ ਨਹੀਂ ਰਹਿ ਕੇ, ਸਮਾਜਿਕ ਅਤੇ ਅਧਿਆਤਮਿਕ ਮੁੱਦਿਆਂ ਨੂੰ ਵੀ ਬੜੀ ਬੇਬਾਕੀ ਨਾਲ ਛੋਹਿਆ ਹੈ। ਇਸ ਵਿੱਚ ਗੁਰੂ ਰਵਿਦਾਸ ਜੀ ਅਤੇ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਜੀ ਬਾਰੇ ਕਵਿਤਾਵਾਂ ਉਸ ਦੀ ਗਹਿਰੀ ਸੋਚ ਦਾ ਪ੍ਰਮਾਣ ਹਨ। ਕਵੀ ਪ੍ਰਭੂ ਪਰਮਾਤਮਾ ਦੀ ਉਸਤਤ, ਰੂਹ ਦੇ ਸਕੂਨ ਅਤੇ ਜੀਵਨ ਦੇ ਅਸਲ ਮਕਸਦ, ਰੂਹਾਨੀਅਤ, ਇਸ਼ਕ ਹਕੀਕੀ ਦੀ ਗੱਲ ਕਰਦਾ ਹੈ, ਜੋ ਪਾਠਕਾਂ ਨੂੰ ਅੰਦਰੂਨੀ ਸ਼ਾਂਤੀ ਵੱਲ ਪ੍ਰੇਰਿਤ ਕਰਦਾ ਹੈ।

ਕਵੀ ਦਾ ਆਪਣੀ ਮਾਂ ਬੋਲੀ ਪ੍ਰਤੀ ਪਿਆਰ, ਪਰਿਵਾਰਕ ਰਿਸ਼ਤਿਆਂ ਦੀ ਮਹੱਤਤਾ ਅਤੇ ਔਰਤਾਂ ਦੇ ਹੱਕਾਂ ਬਾਰੇ ਜਾਗਰੂਕਤਾ, ਕੁਦਰਤ ਦੀ ਸਰਵਉੱਚਤਾ ਦਾ ਵਿਲੱਖਣ ਅੰਦਾਜ ਵਿੱਚ ਬਿਆਨ ਇਸ ਸੰਗ੍ਰਿਹ ਨੂੰ ਹੋਰ ਵੀ ਖਾਸ ਬਣਾਉਂਦਾ ਹੈ। ਉਹ ਸੱਚ ਦਾ ਹੋਕਾ ਦਿੰਦਾ ਹੋਇਆ ਪ੍ਰਭੂ ਪ੍ਰੇਮ ਅਤੇ ਮਨੁੱਖੀ ਨਾਸ਼ਵਾਨਤਾ, ਪੰਜਾਬ ਦੀ ਭਾਈਚਾਰਕ ਸਾਂਝ ਦੀ ਗੱਲ ਬਾਖੂਬੀ ਪੇਸ਼ ਕਰਦਾ ਹੈ, ਜੋ ਉਸ ਦੀ ਸਮਾਜਿਕ ਚੇਤਨਾ ਨੂੰ ਦਰਸਾਉਂਦਾ ਹੈ।

ਭਾਸ਼ਾਈ ਸਰਲਤਾ ਅਤੇ ਪ੍ਰਭਾਵਸ਼ਾਲੀ ਸ਼ੈਲੀ:-
ਇਸ ਸੰਗ੍ਰਿਹ ਦੀ ਇੱਕ ਹੋਰ ਖੂਬੀ ਇਸਦੀ ਸਰਲ ਅਤੇ ਪ੍ਰਭਾਵਸ਼ਾਲੀ ਭਾਸ਼ਾ ਹੈ। ਕਵੀ ਨੇ ਗਹਿਰੇ ਭਾਵਾਂ ਨੂੰ ਸਧਾਰਨ ਸ਼ਬਦਾਂ ਵਿੱਚ ਬਿਆਨ ਕਰਕੇ ਕਮਾਲ ਕਰ ਦਿੱਤਾ ਹੈ। ਇਸੇ ਕਰਕੇ ਹਰ ਵਰਗ ਦਾ ਪਾਠਕ ਆਸਾਨੀ ਨਾਲ ਇਸ ਨਾਲ ਜੁੜ ਸਕਦਾ ਹੈ। ਕਈ ਕਵਿਤਾਵਾਂ ਵਿੱਚ ਰੂਪਕਾਂ ਅਤੇ ਅਲੰਕਾਰਾਂ ਦੀ ਸੁੰਦਰ ਵਰਤੋਂ ਕਵਿਤਾਵਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ।ਮੈਨੂੰ ਪੂਰਾ ਕਾਵਿ ਸੰਗ੍ਰਹਿ ਪਸੰਦ ਹੈ ਅਤੇ ਇਸ ਨੂੰ ਪੜ ਕੇ ਮਨ ਨੂੰ ਰੂਹਾਨੀ ਸਕੂਨ ਦੀ ਤ੍ਰਿਪਤੀ ਹੁੰਦੀ ਹੈ।

ਇਸ ਸੰਗ੍ਰਿਹ ਵਿੱਚ ਕਵੀ ਦੀ ਸ਼ਖ਼ਸੀਅਤ ਸਾਫ਼ ਝਲਕਦੀ ਹੈ।ਇਸ ਵਿੱਚ ਸਮੇਂ (ਵਕਤ), ਸੱਚਾਈ, ਵਿਸ਼ਵਾਸ, ਅਤੇ ਖਾਸ ਕਰਕੇ ਮਾਪਿਆ ਪ੍ਰਤੀ ਪਿਆਰ ਫਰਜ਼ਾਂ ਵਰਗੇ ਵਿਸ਼ਿਆਂ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਇੱਕ ਡੂੰਘੀ ਅਤੇ ਅਟੱਲ ਸੱਚਾਈ ਨਜ਼ਰ ਆਉਂਦੀ ਹੈ। ਕਵੀ ਦਾ ਆਪਣੇ ਮਾਪਿਆਂ ਪ੍ਰਤੀ ਸਤਿਕਾਰ ਅਤੇ ਪਿਆਰ ਵੀ ਇਸ ਸੰਗ੍ਰਿਹ ਤੋਂ ਸਪੱਸ਼ਟ ਦਿੱਸਦਾ ਹੈ, ਜੋ ਉਸਨੂੰ ਇੱਕ ਸਰਵਣ ਪੁੱਤਰ ਵਾਂਗ ਦਰਸਾਉਂਦਾ ਹੈ। ਇਸ ਸੰਗ੍ਰਿਹ ਵਿੱਚ ਕਵੀ ਦੀ ਸਭ ਤੋ ਵੱਖਰੀ ਗੱਲ ਸਮਾਜ ਵਿੱਚ ਆ ਚੁੱਕੀ ਨੈਤਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਨੂੰ ਪੇਸ਼ ਕਰਨ ਦੇ ਨਾਲ-ਨਾਲ ਦੂਰ ਕਰਨ ਦੇ ਉਪਰਾਲੇ ਲਈ ਵੀ ਜਦੋ ਜਹਿਦ ਜਾਰੀ ਰੱਖੀ ਹੈ। ਕਵੀ ਦੂਰਅੰਦੇਸ਼ੀ ਤਾਂ ਹੈ ਹੀ ਸੱਚ ਦਾ ਹੋਕਾ ਵੱਖਰੇ ਅੰਦਾਜ ਵਿੱਚ ਦਿੰਦਾ ਹੈ। ਅਜਿਹਾ ਵਿਲੱਖਣ ਅੰਦਾਜ ਕਾਵਿਕ ਗੁਣ ਪਾਠਕ ਨੂੰ ਮੋਹਿਤ ਕਰਦਾ ਹੈ।

ਕਾਵਿ ਸੰਗ੍ਰਹਿ 'ਸੱਚੇ ਸੁੱਚੇ ਹਰਫ਼' ਦੀ ਇਕ ਹੋਰ ਮਹੱਤਵਪੂਰਨ ਖ਼ੂਬੀ ਇਸਦਾ ਡਿਜੀਟਲ ਰੂਪ ਵਿੱਚ ਉਪਲਬਧ ਹੋਣਾ ਹੈ। ਇਹ ਸਹੀ ਅਰਥਾਂ ਵਿੱਚ ਸਮੇਂ ਦੇ ਹਾਣ ਦਾ ਹੈ, ਕਿਉਂਕਿ ਕੋਈ ਵੀ ਆਪਣੇ ਫ਼ੋਨ 'ਤੇ ਜਦੋਂ ਵੀ ਚਾਹੇ ਇਸਨੂੰ ਕਦੀ ਵੀ ਅਤੇ ਕਿਤੇ ਵੀ ਪੜ੍ਹ ਸਕਦਾ ਹੈ। ਇਸੇ ਗੁਣ ਕਰਕੇ ਇਹ ਕਾਵਿ ਸੰਗ੍ਰਹਿ ਪਾਠਕਾਂ ਦੇ ਦਿਲਾ ਦੇ ਹੋਰ ਵੀ ਨੇੜੇ ਆ ਗਿਆ ਹੈ।

ਪਸੰਦਿਤਾ ਕਵਿਤਾ '" ਬਾ ਕਮਾਲ ਹੈ ਤੂੰ " ਇੱਕ ਉੱਤਮ ਉਦਾਹਰਣ ਹੈ। ਇਹ ਕਵਿਤਾ ਮਨੁੱਖ ਨੂੰ ਅਸਲੀ ਸੁੱਖ ਦੀ ਪ੍ਰਾਪਤੀ ਲਈ ਪਰਮਾਤਮਾ ਦੇ ਸਿਮਰਨ ਦਾ ਮਾਰਗ ਦਿਖਾਉਂਦੀ ਹੈ। ਕਵੀ ਦੀ ਇਹ ਗੱਲ ਸੱਚਮੁੱਚ ਰੂਹ ਨੂੰ ਛੂਹਣ ਵਾਲੀ, ਇਸ਼ਕ ਹਕੀਕੀ ਅਤੇ ਰੂਹੀ ਰੰਗਤ ਦੇਣ ਵਾਲੀ ਹੈ।

"ਕਵੀ ਮਹਿੰਦਰ ਸੂਦ ਵਿਰਕ ਦਾ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਮੇਰੀ ਜ਼ਿੰਦਗੀ ਲਈ ਇੱਕ ਨਵਾਂ ਮੋੜ ਤੇ ਪ੍ਰੇਰਣਾ ਲੈ ਕੇ ਆਇਆ ਹੈ। ਜਦੋਂ ਵੀ ਮੇਰਾ ਮਨ ਉਦਾਸ ਹੁੰਦਾ ਹੈ, ਮੈਂ ਉਨ੍ਹਾਂ ਦੀ ਕਾਵਿ ਪੁਸਤਕ ਪੜ੍ਹਦੀ ਹਾਂ, ਜਿਸ ਨਾਲ ਮੇਰੀ ਰੂਹ ਨੂੰ ਸਕੂਨ ਮਿਲਦਾ ਹੈ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਪ੍ਰਭੂ-ਪ੍ਰੇਮ, ਮਨੁੱਖਤਾ ਲਈ ਫ਼ਿਕਰਮੰਦੀ ਅਤੇ ਭਾਵਨਾਵਾਂ ਦੀ ਡੂੰਘਾਈ ਹੈ, ਜੋ ਹਰ ਦਿਲ ਨੂੰ ਛੂਹ ਲੈਂਦੀਆਂ ਹਨ। ਸੱਚਮੁੱਚ, ਉਹ ਦੀਨ-ਦੁਖੀਆਂ ਦੇ ਮਸੀਹਾ ਹਨ।"

ਸਿੱਟਾ: ਇੱਕ ਅਨਮੋਲ ਅਤੇ ਸੰਦੇਸ਼ ਵਾਹਕ ਸੰਗ੍ਰਹਿ
ਕੁੱਲ ਮਿਲਾ ਕੇ, ' ਸੱਚੇ ਸੁੱਚੇ ਹਰਫ਼ ' ਕੇਵਲ ਇੱਕ ਕਾਵਿ ਸੰਗ੍ਰਹਿ ਨਹੀਂ, ਬਲਕਿ ਇੱਕ ਮਾਰਗਦਰਸ਼ਕ ਹੈ।